Punjab Government Gazette

Published by Authority

No. 31] CHANDIGARH, FRIDAY, JULY 31, 2026 (SRAVANA 9, 1948 SAKA)

PART III

Notifications by High Court ; Labour Commissioner ; Advertisements ; Director of Lotteries, Punjab and Notices, etc.

ਪੰਜਾਬ ਸਰਕਾਰ

ਕਿਰਤ ਵਿਭਾਗ

ਦਫ਼ਤਰ ਕਿਰਤ ਤੇ ਸੁਲਾਹ ਅਫਸਰ, ਸਰਕਲ-2, ਜਲੰਧਰ।

ਅਧਿਸੂਚਨਾ

ਮਿਤੀ 20 ਅਗਸਤ, 2024

ਨੰ:ਸਕਕ/2024/435.-ਮੇਰੀ ਰਾਇ ਹੈ ਕਿ ਕਿਰਤੀ **ਸ਼੍ਰੀ ਰਾਮ ਪ੍ਰਕਾਸ਼ ਪੁੱਤਰ ਸ਼੍ਰੀ ਬਰਖੁਦਾਸ਼, ਵਾਸੀ ਪਿੰਡ ਰੰਧਵਾ ਅੰਮ੍ਰਿਤਪਾਲ ਦਾ ਬੇੜਾ ਨਜਦੀਕ ਰਵਿਦਾਸ ਗੁਰਦੁਆਰਾ ਜਲੰਧਰ। ਬਨਾਮ M/s Active Tools Private Limited Street No. 1, Randhawa Masanda Road, Jalandhar, Punjab-**144001 ਵਿਚਕਾਰ ਉਦਯੋਗਿਕ ਵਿਵਾਦ ਹੈ। ਇਸ ਲਈ ਉਦਯੋਗਿਕ ਵਿਵਾਦ ਐਕਟ,1947 ਦੀ ਧਾਰਾ 2-ਏ ਅਤੇ ਧਾਰਾ 10 (1) ਪੈਰਾ (ਸੀ) ਅਤੇ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਗਈ ਅਧਿਸੂਚਨਾਂ ਨੰ:1/22/04/4 ਕਿ/1091 ਮਿਤੀ 19-3-08 ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਕਿਰਤੀ ਅਤੇ ਪ੍ਰਬੰਧਕਾਂ ਦਰਮਿਆਨ ਉਦਯੋਗਿਕ ਵਿਵਾਦ ਬਾਰੇ ਅਵਾਰਡ ਤਿੰਨ ਮਹੀਨੇ ਦੇ ਅੰਦਰ ਅੰਦਰ ਦੇਣ ਲਈ ਐਕਟ ਦੀ ਧਾਰਾ 7 ਅਧੀਨ ਬਣਾਈ ਗਈ ਇੰਡਸਟਰੀਅਲ ਟ੍ਰਿਬਿਊਨਲ, ਜਲੰਧਰ ਨੂੰ ਮੈਂ ਹੇਠ ਲਿਖੇ ਖਰੜੇ ਅਨੁਸਾਰ ਨਿਆਂ ਨਿਰਣੇ ਲਈ ਭੇਜਦਾ ਹਾਂ:

ਕੀ ਕਿਰਤੀ **ਸ਼੍ਰੀ ਰਾਮ ਪ੍ਰਕਾਸ਼** ਦੀ ਸੇਵਾ ਸਮਾਪਤੀ ਮਾਲਕਾਂ/ਪ੍ਰਬੰਧਕਾਂ ਵਲੋਂ ਗੈਰ ਕਾਨੂੰਨੀ ਅਤੇ ਅਨੁਚਿਤ ਢੰਗ ਨਾਲ ਕੀਤੀ ਗਈ ਹੈ? ਜੇਕਰ ਹਾਂ ਤਾਂ ਇਸ ਸੰਬੰਧ ਵਿੱਚ ਕਿਰਤੀ ਕੀ ਲਾਭ ਅਤੇ ਕਿਸ ਵਿਸਥਾਰ ਨਾਲ ਪ੍ਰਾਪਤ ਕਰਨ ਦਾ ਹੱਕਦਾਰ ਹੈ? ”

-ਸਹੀ-

ਕਿਰਤ ਤੇ ਸੁਲਾਹ ਅਫਸਰ,

ਸਰਕਲ-2, ਜਲੰਧਰ।

3785/7-2026/Pb. Govt. Press, S.A.S. Nagar